Protecting
Vulnerable Groups
Scheme

CHECK TO PROTECT

# ਕਮਜ਼ੋਰ ਅਤੇ ਸੰਵੇਦਨਸ਼ੀਲ ਸਮੂਹਾਂ ਨੂੰ ਸੁਰੱਖਿਆ ਦੇਣ ਬਾਰੇ ਸਕੀਮ

## 1. ਜਾਣ ਪਛਾਣ

2010 ਵਿੱਚ ਸਕੌਟਿਸ਼ ਸਰਕਾਰ ਮੈਂਬਰਸ਼ਿਪ ਦੀ ਇੱਕ ਨਵੀਂ ਸਕੀਮ ਸ਼ੁਰੂ ਕਰ ਰਹੀ ਹੈ, ਜੋ ਕਮਜ਼ੋਰ ਅਤੇ ਸੰਵੇਦਨਸ਼ੀਲ ਗਰੁੱਪਾਂ ਨਾਲ ਕੰਮ ਕਰ ਰਹੇ ਲੋਕਾਂ ਵਲੋਂ ਡਿਸਕਲੋਜ਼ਰ (ਆਪਣੇ ਬਾਰੇ ਵੇਰਵੇ ਜ਼ਾਹਿਰ ਕਰਨਾ) ਦੇ ਮੌਜੂਦਾ ਇੰਤਜ਼ਾਮ ਦੀ ਜਗ੍ਹਾ ਲਏਗੀ ਅਤੇ ਇਹਨਾਂ ਤੋਂ ਬਿਹਤਰ ਹੋਏਗੀ। ਕਮਜ਼ੋਰ ਅਤੇ ਸੰਵੇਦਨਸ਼ੀਲ ਗਰੁੱਪਾਂ ਦੀ ਸੁਰੱਖਿਆ ਕਰਨ ਬਾਰੇ ਸਕੀਮ (ਪ੍ਰੋਟੈਕਟਿੰਗ ਵਲਨਰੇਬਲ ਗਰੁੱਪਸ ਸਕੀਮ) (ਪੀਵੀਜੀ ਸਕੀਮ) ਇਹ :

- ਯਕੀਨੀ ਬਣਾਉਣ ਵਿੱਚ ਸਹਾਇਤਾ ਕਰੇਗੀ, ਕਿ ਜਿਨ੍ਹਾਂ ਲੋਕਾਂ ਦਾ ਧਨ ਲੈਕੇ, ਅਤੇ ਬਿਨਾਂ ਧਨ ਲਏ ਕੀਤੇ ਕੰਮ ਰਾਹੀਂ ਬੱਚਿਆਂ ਅਤੇ ਸੁਰੱਖਿਅਤ ਬਾਲਗਾਂ ਨਾਲ ਬਾਕਾਇਦਾ ਸੰਪਰਕ ਹੈ, ਉਨ੍ਹਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਵਰਤਾਓ ਦਾ ਕੋਈ ਜਾਣਿਆ ਇਤਿਹਾਸ ਨਾ ਹੋਵੇ,
- ਚੁਸਤ ਅਤੇ ਇਸਤੇਮਾਲ ਕਰਨੀ ਆਸਾਨ ਹੋਏਗੀ, ਅਤੇ ਹਰ ਵਾਰੀ ਡਿਸਕਲੋਜ਼ਰ ਦੀ ਜਾਂਚ ਕਰਨ ਦੀ ਲੋੜ ਪੈਣ ਤੇ ਪੀਵੀਜੀ ਸਕੀਮ ਦੇ ਮੈਂਬਰਾਂ ਦੀ ਵੇਰਵੇ ਸਹਿਤ ਅਰਜ਼ੀ ਪੂਰੀ ਕਰਨ ਦੀ ਜ਼ਰੂਰਤ ਘੱਟ ਕਰੇਗੀ,
- ਅਨੁਪਾਤੀ ਸੁਰੱਖਿਆ ਅਤੇ ਪੱਕੇ ਕਾਨੂੰਨ ਵਿੱਚਕਾਰ ਇੱਕ ਸਤੁੰਲਨ ਕਾਇਮ ਕਰੇਗੀ ਅਤੇ ਮਾਲਕਾਂ ਲਈ ਇਹ ਨਿਸਚਿਤ ਕਰਨਾ ਆਸਾਨ ਬਣਾਏਗੀ, ਕਿ ਉਹ ਆਪਣੇ ਕਲਾਇੰਟ ਗਰੁੱਪ (ਗਾਹਕਾਂ ਦੇ ਗਰੁੱਪ) ਦੀ ਸੁਰੱਖਿਆ ਲਈ ਕਿਸ ਦੀ ਜਾਂਚ ਪੜਤਾਲ ਕਰਨ।

ਇਸ ਕਿਤਾਬਚੀ ਦਾ ਉਦੇਸ਼ ਪੀਵੀਜੀ ਸਕੀਮ ਬਾਰੇ ਵਿਆਪਕ ਜਾਣਕਾਰੀ ਮੁਹੱਈਆ ਕਰਨਾ ਹੈ। ਇਹ ਆਨਲਾਈਨ ਤੇ ਵੱਖਰੇ ਵੱਖਰੇ ਫਾਰਮੈਟਾਂ ਅਤੇ ਲਿਖਤ ਰੂਪ (ਹਾਰਡ ਕਾਪੀ) ਵਿੱਚ ਉਪਲਬਧ ਹੈ, ਤਾਂ ਜੋ ਗਰੁੱਪ (ਸਮੂਹ) ਅਤੇ ਸੰਸਥਾਵਾਂ ਇਸ ਨੂੰ ਆਪਣੇ ਸਟਾਫ਼, ਵਾਲੰਟੀਅਰਾਂ, ਮੈਂਬਰਾਂ ਅਤੇ ਗਾਹਕਾਂ ਨੂੰ ਆਸਾਨੀ ਨਾਲ ਵੰਡ ਸਕਣ। ਆਮ ਤੌਰ ਤੇ ਪੁੱਛੇ ਜਾਂਦੇ ਸਵਾਲਾਂ ਸਮੇਤ, ਪੀਵੀਜੀ ਸਕੀਮ ਬਾਰੇ ਹੋਰ ਵਿਸਤ੍ਰਿਤ ਜਾਣਕਾਰੀ ਸਕੌਟਿਸ਼ ਸਰਕਾਰ ਦੀ ਵੈਬਸਾਈਟ ਤੇ ਉਪਲਬਧ ਹੈ। ਵੈਬਸਾਈਟ ਦੇ ਪਤੇ ਅਤੇ ਸੰਪਰਕ ਜਾਣਕਾਰੀ ਪੰਨਾ 11 ਅਤੇ 12 ਤੇ ਹੈ।

## 2. ਪਿਛੋਕੜ

ਪੀਵੀਜੀ ਸਕੀਮ, ਸਕਾਟਲੈਂਡ ਦਾ ਬਾਈਚਾਰਡ ਐਨਕੁਆਇਰੀ ਰੀਪੋਰਟ (ਬਾਈਚਾਰਡ ਪੜਤਾਲ ਰਿਪੋਰਟ) ਦੀ ਮੁੱਖ ਸਿਫ਼ਾਰਸ਼ ਦਾ ਜਵਾਬ ਹੈ ਜੋ 2002 ਵਿੱਚ ਸੋਹੈਮ (Soham) ਦੇ ਦੁੱਖਮਈ ਕਤਲਾਂ ਬਾਅਦ ਕਾਇਮ ਕੀਤੀ ਗਈ ਸੀ। ਸਿਫ਼ਾਰਸ਼ ਵਿੱਚ ਉਨ੍ਹਾਂ ਸਭ ਲਈ, ਜੋ ਯੂਕੇ ਵਿੱਚ ਬੱਚਿਆਂ ਅਤੇ ਕਮਜ਼ੋਰ ਅਤੇ ਸੰਵੇਦਨਸ਼ੀਲ ਬਾਲਗਾਂ ਨਾਲ ਕੰਮ ਕਰਦੇ ਹਨ, ਇੱਕ ਰਜਿਸਟ੍ਰੇਸ਼ਨ ਸਿਸਟਮ ਕਾਇਮ ਕਰਨ ਲਈ ਕਿਹਾ ਗਿਆ ਸੀ, ਜੋ ਇਹ ਪੁਸ਼ਟੀ ਕਰੇਗਾ, ਕਿ ਕਿਸੇ ਅਜਿਹੇ ਕਾਰਣ ਦੀ ਜਾਣਕਾਰੀ ਨਹੀਂ, ਕਿ ਕੋਈ ਵਿਅਕਤੀ ਇਹਨਾਂ ਕਲਾਇੰਟ ਗਰੁੱਪਾਂ (ਗਾਹਕਾਂ ਦੇ ਸਮੂਹ) ਨਾਲ ਕੰਮ ਕਿਉਂ ਨਾ ਕਰੇ।

ਸਕੌਟਿਸ਼ ਸਰਕਾਰ ਸਥਾਨਕ ਭਾਈਚਾਰਿਆਂ ਨੂੰ ਖੁਸ਼ਹਾਲ ਹੋਣ ਅਤੇ ਪਹਿਲਾਂ ਤੋਂ ਮਜ਼ਬੂਤ ਬਣਨ ਅਤੇ ਵੱਧ ਸੁਰੱਖਿਅਤ ਥਾਂਵਾਂ ਤੇ ਰਹਿਣ ਵਿੱਚ ਸਹਾਇਤਾ ਕਰਨ ਲਈ ਵਚਨਬੱਧ ਹੈ। ਇਸ ਨੇ ਸਕਾਟਲੈਂਡ ਵਿੱਚ ਮੌਜੂਦਾ ਡਿਸਕਲੋਜ਼ਰ ਅਤੇ ਡਿਸਕੁਆਲੀਫਿਕੇਸ਼ਨ ਸਰਵਿਸਿਜ਼ (ਆਪਣੇ ਵੇਰਵੇ ਜ਼ਾਹਿਰ ਕਰਨ ਅਤੇ ਅਯੋਗ ਠਹਿਰਾਉਣ ਬਾਰੇ ਸੇਵਾਵਾਂ) ਤੋਂ ਜੋ ਕੁਝ ਸਿਖਿਆ ਹੈ ਉਸ ਦੇ ਆਧਾਰ ਤੇ ਇੱਕ ਕੁਸ਼ਲ ਮੈਂਬਰਸ਼ਿਪ ਸਕੀਮ ਤਿਆਰ ਕੀਤੀ ਹੈ, ਜੋ ਕਮਜ਼ੋਰ ਗਰੁੱਪਾਂ ਲਈ ਸੁਰੱਖਿਆ ਮਜ਼ਬੂਤ ਕਰੇਗੀ ਅਤੇ ਅਫ਼ਸਰਸ਼ਾਹੀ ਨੂੰ ਘੱਟ ਕਰੇਗੀ।

3. ਪੀਵੀਜੀ ਸਕੀਮ ਕਿਸਨੂੰ ਪ੍ਰਭਾਵਿਤ ਕਰੇਗੀ ?

ਪੀਵੀਜੀ ਸਕੀਮ ਕਾਨੂੰਨੀ, ਸਵੈ ਇੱਛਿਤ ਅਤੇ ਨਿੱਜੀ ਸੈਕਟਰ ਵਿੱਚ ਇੱਕ ਵਿਆਪਕ ਅਤੇ ਵੱਖ ਵੱਖ ਰੇਂਜ ਦੀਆਂ ਸੰਸਥਾਵਾਂ ਅਤੇ ਸਮੂਹਾਂ ਜੋ ਬੱਚਿਆਂ ਅਤੇ ਸੁਰੱਖਿਆ ਵਿੱਚ ਰੱਖੇ ਬਾਲਗਾਂ ਨੂੰ ਸੇਵਾਵਾਂ, ਸਰਗਰਮੀਆਂ ਅਤੇ ਸਹੂਲਤਾਂ ਮੁਹੱਈਆ ਕਰਦੇ ਹਨ, ਤੇ ਅਸਰ ਕਰੇਗੀ। ਇਹ ਆਸ ਕੀਤੀ ਜਾਂਦੀ ਹੈ ਧਨ ਅਤੇ ਬਿਨਾਂ ਧਨ ਲਏ ਬਾਕਾਇਦਾ ਕੰਮ ਕਰਨ ਵਾਲੇ 700,000 ਅਤੇ 800,000 ਦੇ ਵਿੱਚਕਾਰ ਲੋਕ ਸਮਾਂ ਬੀਤਣ ਨਾਲ ਪੀਵੀਜੀ ਸਕੀਮ ਦੇ ਮੈਂਬਰ ਬਣ ਜਾਣਗੇ। ਗਰੁੱਪਾਂ ਜਾਂ ਸਮੂਹ ਅਤੇ ਸੰਸਥਾਵਾਂ ਲਈ ਨੇਮਬੱਧ ਕਾਰਜ ਦੇ ਖੇਤਰ ਵਿੱਚ ਗਾਈਡੈਂਸ ਅਤੇ ਟ੍ਰੇਨਿੰਗ (ਸੇਧ ਅਤੇ ਸਿਖਲਾਈ) ਸਕੀਮ ਦੇ ਲਾਗੂ ਹੋਣ ਤਕ ਤਿਆਰ ਹੋ ਜਾਏਗੀ।

4. ਪੀਵੀਜੀ ਸਕੀਮ ਕਿਸ ਤਰ੍ਹਾਂ ਕੰਮ ਕਰੇਗੀ ?

*ਡਿਸਕਲੋਜ਼ਰ ਸਕੌਟਲੈਂਡ ਸਕੌਟਿਸ਼ ਸਰਕਾਰ ਦੀ ਏਜੰਸੀ ਵਜੋਂ ਪੀਵੀਜੀ ਸਕੀਮ ਦਾ ਪ੍ਰਬੰਧ ਕਰੇਗੀ ਅਤੇ ਇਸਨੂੰ ਪੇਸ਼ ਕਰੇਗੀ ਅਤੇ ਹੋਰ ਵੱਧ ਜ਼ਿੰਮੇਵਾਰੀਆਂ ਲਏਗੀ। ਇਸ ਵਿੱਚ ਸਕੌਟਿਸ਼ ਮੰਤਰੀਆਂ ਵਲੋਂ ਇਸ ਬਾਰੇ ਲਏ ਫੈਸਲੇ ਕਿ ਕਿਸਨੂੰ ਕਮਜ਼ੋਰ ਗਰੁੱਪਾਂ ਨਾਲ ਕੰਮ ਕਰਨ ਤੋਂ ਰੋਕਣਾ ਚਾਹੀਦਾ ਹੈ ਸ਼ਾਮਲ ਹੋਣਗੇ।*

ਬੱਚਿਆਂ ਲਈ ਰੱਖਿਆ ਸਾਧਨ ਮਜ਼ਬੂਤ ਕਰਨ ਦੇ ਨਾਲ ਪੀਵੀਜੀ ਸਕੀਮ ਬਾਲਗਾਂ ਲਈ ਸੁਰੱਖਿਆ ਬਿਹਤਰ ਕਰੇਗੀ, ਕਿਉਂਕਿ ਪਹਿਲੀ ਵਾਰ ਸਕਾਟਲੈਂਡ ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੋਏਗੀ, ਜਿਨ੍ਹਾਂ ਤੇ ਸੁਰੱਖਿਆ ਲਈ ਪਨਾਹ ਵਿੱਚ ਰੱਖੇ ਬਾਲਗਾਂ (ਬੱਚਿਆਂ ਨਾਲ ਕੰਮ ਕਰਨ ਤੇ ਜਿਨ੍ਹਾਂ ਤੇ ਪਾਬੰਦੀ ਲਗੀ ਹੋਈ ਹੈ, ਉਨ੍ਹਾਂ ਦੀ ਸੂਚੀ ਪਹਿਲਾਂ ਹੀ ਮੌਜੂਦ ਹੈ) ਨਾਲ ਕੰਮ ਕਰਨ ਤੇ ਪਾਬੰਦੀ ਲਾਈ ਗਈ ਹੈ। ਇੱਕ ਸੁਰੱਖਿਅਤ ਬਾਲਗ ਉਹ ਵਿਅਕਤੀ ਹੈ, ਜਿਸਦੀ ਉਮਰ 16 ਸਾਲ ਜਾਂ ਇਸਤੋਂ ਵੱਧ ਹੈ ਅਤੇ ਜੋ ਬਾਕਾਇਦਾ ਜਾਂ ਥੋੜ੍ਹੇ ਸਮੇਂ ਲਈ ਇੱਕ ਜਾਂ ਹੋਰ ਵੱਧ ਕਿਸਮ ਦੀ ਦੇਖਭਾਲ ਜਾਂ ਭਲਾਈ ਸੇਵਾ ਹਾਸਲ ਕਰਦਾ ਹੈ।

ਜੋ ਲੋਕ ਕਮਜ਼ੋਰ ਸੰਵੇਦਨਸ਼ੀਲ ਗਰੁੱਪਾਂ ਨਾਲ ਬਾਕਾਇਦਾ ਨੇਮ ਨਾਲ ਕੰਮ ਕਰਦੇ ਹਨ, ਉਹ ਪੀਵੀਜੀ ਸਕੀਮ ਵਿੱਚ ਸ਼ਾਮਲ ਹੋਣਗੇ ਅਤੇ ਉਸਤੋਂ ਬਾਅਦ ਜੇ ਕੋਈ ਨਵੀਂ ਵੈਟਿੰਗ (ਸੋਧੀ ਹੋਈ) ਜਾਣਕਾਰੀ ਮਿਲੇਗੀ ਤਾਂ ਉਨ੍ਹਾਂ ਦੇ ਮੈਂਬਰਸ਼ਿਪ ਦੇ ਰਿਕਾਰਡ ਆਪਣੇ ਆਪ ਆਧੁਨਿਕ ਅਤੇ ਤਾਜ਼ੇ ਹੋ ਜਾਣਗੇ। ਦੋਸ਼ੀ ਸਾਬਤ ਹੋਣ ਬਾਰੇ ਮੁਜਰਮਾਨਾ ਨਿਆਂ ਦੇ ਸਿਸਟਮ ਤੋਂ ਅਤੇ ਦੋਸ਼ ਸਿਧ ਨਾ ਹੋਣ ਬਾਰੇ ਪੁਲੀਸ ਤੋਂ ਹਾਸਲ ਕੀਤੀ ਜਾਣਕਾਰੀ ਉਹ ਵੈਟਿੰਗ (ਸੋਧੀ ਹੋਈ) ਜਾਣਕਾਰੀ ਹੈ ਜਿਸਨੂੰ ਅਨੁਕੂਲ ਮੰਨਿਆ ਜਾਂਦਾ ਹੈ।

ਇੱਕ ਵਿਅਕਤੀ ਦੇ ਪੀਵੀਜੀ ਸਕੀਮ ਦੇ ਮੈਂਬਰ ਬਣ ਜਾਣ ਬਾਅਦ ਉਸਦੀ ਵੈਟਿੰਗ ਜਾਣਕਾਰੀ ਇਕੱਠੀ ਕਰਨੀ ਜਾਰੀ ਰੱਖਣ ਨਾਲ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਮਿਲੇਗੀ ਕਿ ਜੇ ਨਵੀਂ ਜਾਣਕਾਰੀ ਤੋਂ ਇਹ ਸੰਕੇਤ ਮਿਲੇ, ਕਿ ਉਹ ਕਮਜ਼ੋਰ ਗਰੁੱਪ ਲਈ ਖ਼ਤਰਾ ਬਣ ਸਕਦੇ ਹਨ ਤਾਂ ਫ਼ੌਰਨ ਕਾਰਵਾਈ ਕੀਤੀ ਜਾ ਸਕਦੀ ਹੈ। ਬਹੁ ਗਿਣਤੀ

ਮਾਮਲਿਆਂ ਵਿੱਚ, ਕੋਈ ਅਜਿਹੀ ਨਵੀਂ ਵੈਟਿੰਗ ਜਾਣਕਾਰੀ ਨਹੀਂ ਹੋਏਗੀ ਜੋ ਕਮਜ਼ੋਰ ਗਰੁੱਪਾਂ ਨਾਲ ਕੰਮ ਕਰਨ ਨਾਲ ਸੰਬੰਧਿਤ ਹੋਏਗੀ।

ਇਸ ਤੋਂ ਇਲਾਵਾ, ਗਰੁੱਪ ਅਤੇ ਸੰਸਥਾਵਾਂ ਜੇ ਇਸ ਬਾਰੇ ਚਿੰਤਿਤ ਹੋ ਜਾਣ ਕਿ ਕਿਸੇ ਵਿਅਕਤੀ ਨੇ ਕਮਜ਼ੋਰ ਗਰੁੱਪਾਂ ਨਾਲ ਇੱਕ ਨੁਕਸਾਨ ਪਹੁੰਚਾਉਣ ਵਾਲੇ ਢੰਗ ਨਾਲ ਵਰਤਾਉ ਕੀਤਾ ਹੈ, ਤਾਂ ਉਹ ਡਿਸਕਲੋਜ਼ਰ ਸਕੌਟਲੈਂਡ ਤੋਂ ਹਵਾਲਾ ਵੀ ਲੈ ਸਕਣਗੇ। ਇਹ ਯਕੀਨੀ ਬਣਾਉਣ ਲਈ ਕਿ ਗਰੁੱਪ ਅਤੇ ਸੰਸਥਾਵਾਂ ਨੂੰ ਢੁਕਵੇਂ ਅਤੇ ਉਚਿਤ ਹਵਾਲੇ ਮਿਲਣ, ਮਜ਼ਬੂਤ ਕਾਰਜ ਪ੍ਰਕ੍ਰਿਆਵਾਂ ਅਤੇ ਸਪਸ਼ਟ ਸੇਧ ਉਪਲਬਧ ਹੋਏਗੀ।

ਉਹਨਾਂ ਮਾਮਲਿਆਂ ਵਿੱਚ ਜਿੱਥੇ ਵੈਟਿੰਗ ਜਾਂ ਹਵਾਲੇ ਦੀ ਜਾਣਕਾਰੀ ਤੋਂ ਇਹ ਸੰਕੇਤ ਮਿਲਣ ਕਿ ਉਹ ਵਿਅਕਤੀ ਕਮਜ਼ੋਰ ਗਰੁੱਪ ਲਈ ਖ਼ਤਰਾ ਬਣ ਸਕਦਾ ਹੈ, ਡਿਸਕਲੋਜ਼ਰ ਸਕੌਟਲੈਂਡ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਕੀ ਕਿਸੇ ਵਿਅਕਤੀ ਨੂੰ ਪਾਬੰਦੀ ਲਗੀਆਂ ਦੋਹਾਂ ਸੂਚੀਆਂ ਵਿੱਚੋਂ ਇੱਕ ਜਾਂ ਦੋਹਾਂ ਵਿੱਚ ਰੱਖੇ ਜਾਣ ਬਾਰੇ ਵਿਚਾਰ ਕੀਤਾ ਜਾਏ ਨਾ ਕਿ ਸਾਰੀ ਉਪਲਬਧ ਜਾਣਕਾਰੀ ਤੇ ਵਿਚਾਰ ਕੀਤਾ ਜਾਇਗਾ। ਜੇ ਇੱਕ ਵਿਅਕਤੀ ਨੂੰ ਸੂਚੀ ਵਿੱਚ ਰੱਖਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਡਿਸਕਲੋਜ਼ਰ ਸਕੌਟਲੈਂਡ ਮਾਲਕਾਂ ਜਾਂ ਨੇਮਬੱਧ ਸੰਸਥਾਵਾਂ ਵਰਗੇ ਹੋਰ ਹਲਕਿਆਂ ਤੋਂ ਹੋਰ ਜਾਣਕਾਰੀ ਵੀ ਲੈ ਸਕੇਗੀ।

ਪਾਬੰਦੀ ਲਾਉਣ ਬਾਰੇ ਫੈਸਲਿਆਂ ਵਿੱਚ ਇੱਕ ਮੁਕੰਮਲ ਅਤੇ ਉਚਿਤ ਅਮਲ ਸ਼ਾਮਲ ਹੋਏਗਾ। ਉਸ ਵਿਅਕਤੀ ਦੀ ਪਹੁੰਚ, ਉਸ ਸਾਰੀ ਜਾਣਕਾਰੀ ਤਕ ਹੋਏਗੀ, ਜਿਸ ਤੇ ਵਿਚਾਰ ਕੀਤਾ ਜਾ ਰਿਹਾ ਹੋਏਗਾ, ਅਤੇ ਉਹ ਪੀਵੀਜੀ ਸਕੀਮ ਨੂੰ ਲਿਖਿਤ ਰੂਪ ਵਿੱਚ ਆਪਣੀ ਦਰਖ਼ਾਸਤ ਦੇ ਸਕਣਗੇ। ਜਦੋਂ ਉਸ ਨੂੰ ਕਿਸੇ ਸੂਚੀ ਵਿੱਚ ਰੱਖਣ ਤੇ ਵਿਚਾਰ ਕੀਤਾ ਜਾ ਰਿਹਾ ਹੋਏਗਾ, ਉਹ ਵਿਅਕਤੀ ਕਮਜ਼ੋਰ ਗਰੁੱਪਾਂ ਨਾਲ ਕੰਮ ਕਰਨਾ ਜਾਰੀ ਰੱਖ ਸਕਦਾ ਹੈ, ਪਰ ਸਭ ਸੰਸਥਾਵਾਂ ਅਤੇ ਗਰੁੱਪਾਂ, ਜਿਨ੍ਹਾਂ ਦੇ ਉਸ ਵਿੱਚ ਦਿਲਚਸਪੀ ਰੱਖਣ ਬਾਰੇ ਜਾਣਕਾਰੀ ਹੋਏਗੀ, ਨੂੰ ਸੂਚਿਤ ਕੀਤਾ ਜਾਏਗਾ, ਕਿ ਉਸ ਦੀ ਪੀਵੀਜੀ ਸਕੀਮ ਮੈਂਬਰਸ਼ਿਪ ਦੀ ਸਥਿਤੀ ਬਦਲ ਗਈ ਹੈ।

ਜੇ ਬਹੁਤ ਧਿਆਨ ਨਾਲ ਕੀਤੇ ਮੁਲਾਂਕਣ, ਬਾਅਦ ਕਿਸੇ ਵਿਅਕਤੀ ਨੂੰ ਖ਼ਤਰਨਾਕ ਮੰਨਿਆ ਜਾਏਗਾ ਅਤੇ ਇਸ ਲਈ ਉਸਨੂੰ ਬੱਚਿਆਂ ਜਾਂ ਸੁਰੱਖਿਅਤ ਬਾਲਗਾਂ ਜਾਂ ਦੋਹਾਂ ਨਾਲ ਕੰਮ ਕਰਨ ਲਈ ਅਯੋਗ ਮੰਨਿਆ ਜਾਏਗਾ ਤਾਂ ਡਿਸਕਲੋਜ਼ਰ ਸਕੌਟਲੈਂਡ ਉਸ ਨੂੰ ਇੱਕ ਜਾਂ ਦੋਹਾਂ ਪਾਬੰਦੀ ਸ਼ੁਦਾ ਸੂਚੀਆਂ ਵਿੱਚ ਸ਼ਾਮਲ ਕਰੇਗੀ। ਇਸ ਦਾ ਅਰਥ ਇਹ ਹੈ, ਕਿ ਉਹ ਵਿਅਕਤੀ ਇੱਕ ਜਾ ਦੋਹਾਂ ਕਾਰਜ ਖੇਤਰਾਂ ਦੇ ਸੰਬੰਧ ਵਿੱਚ ਪੀਵੀਜੀ ਸਕੀਮ ਮੈਂਬਰ ਨਹੀਂ ਬਣ ਸਕੇਗਾ। ਅਜਿਹਾ ਕੰਮ ਕਰਨਾ, ਉਸ ਵਿਅਕਤੀ ਜਿਸ ਤੇ ਪਾਬੰਦੀ ਲਗੀ ਹੋਈ ਹੈ – ਅਤੇ ਉਸ ਸੰਸਥਾ ਜੋ ਉਸ ਨੂੰ ਕੰਮ ਕਰਨ ਦੀ ਆਗਿਆ ਦੇਂਦੀ ਹੈ – ਲਈ ਇੱਕ ਅਪਰਾਧ ਹੋਏਗਾ।

ਜੇ ਕੋਈ ਪਾਬੰਦੀ ਦੇ ਫੈਸਲੇ ਨੂੰ ਚੁਣੌਤੀ ਦੇਣਾ ਚਾਹੁੰਦਾ ਹੋਵੇਗਾ ਉਸ ਲਈ ਅਪੀਲ ਕਰਨ ਦਾ ਅਮਲ ਮੌਜੂਦ ਹੋਏਗਾ।

ਜਿਸ ਵਿਅਕਤੀ ਦੇ ਸਕਾਟਲੈਂਡ ਵਿੱਚ ਬੱਚਿਆਂ, ਸੁਰੱਖਿਅਤ ਬਾਲਗਾਂ ਜਾਂ ਦੋਹਾਂ ਨਾਲ ਕੰਮ ਕਰਨ ਤੇ ਰੋਕ ਲਗੀ ਹੋਈ ਹੋਵੇਗੀ, ਉਸ ਤੇ ਬਾਕੀ ਸਾਰੇ ਯੂਕੇ ਵਿੱਚ ਵੀ ਇਹੀ ਰੋਕ ਲਾਗੂ ਰਹੇਗੀ ਅਤੇ ਇਸੇ ਤਰ੍ਹਾਂ ਹੀ ਇਸ ਤੋਂ ਉਲਟ ਵੀ ਹੋਏਗਾ, ਕਿਉਂ ਜੋ ਪੀਵੀਜੀ ਸਕੀਮ, ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਤਿਆਰ ਕੀਤੇ ਜਾ ਰਹੇ ਸਿਸਟਮਾਂ (ਪ੍ਰਬੰਧਾਂ) ਨਾਲ ਜੋੜ ਦਿੱਤੀ ਜਾਏਗੀ।

ਪੀਵੀਜੀ ਸਕੀਮ ਵੱਖ ਵੱਖ ਤਰ੍ਹਾਂ ਦੇ ਡਿਸਕਲੋਜ਼ਰ ਸ਼ੁਰੂ ਕਰ ਰਹੀ ਹੈ ਜਿਨ੍ਹਾਂ ਦਾ ਉਦੇਸ਼ ਵੱਖ ਵੱਖ ਤਰ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੋਣਾ, ਅਤੇ ਸਿਸਟਮ ਨੂੰ ਜਿਨਾਂ ਸੰਭਵ ਹੋਏ ਤੇਜ਼ ਤੇ ਚੁਸਤ ਬਣਾਉਣਾ ਹੈ। ਡਿਸਕਲੋਜ਼ਰ (ਵੇਰਵੇ ਜ਼ਾਹਿਰ

ਕਰਨੇ) ਦੀਆਂ ਵੱਖ ਵੱਖ ਕਿਸਮਾਂ ਅਤੇ ਪੀਵੀਜੀ ਸਕੀਮ ਦੀ ਮੈਂਬਰਸ਼ਿਪ ਦੀ ਫ਼ੀਸ ਅਤੇ ਸਕੌਟਿਸ਼ ਸਰਕਾਰ ਦੀ ਵੈਬਸਾਈਟ ਤੇ ਡਿਸਕਲੋਜ਼ਰਸ ਬਾਰੇ ਹੋਰ ਵੱਧ ਜਾਣਕਾਰੀ ਉਪਲਬਧ ਹੈ।

ਪੀਵੀਜੀ ਸਕੀਮ ਦਾ ਮੈਂਬਰ ਬਣਨ ਦਾ ਇੱਕ ਲਾਭ ਤਾਂ ਇਹ ਹੈ ਕਿ ਇਸ ਨਾਲ ਹਰ ਵਾਰੀ ਹਾਲਾਤ ਬਦਲਣ ਨਾਲ ਇੱਕ ਵਿਸਤ੍ਰਿਤ ਅਰਜ਼ੀ ਪੂਰੀ ਕਰਨ ਦੀ ਲੋਕਾਂ ਦੀ ਜ਼ਰੂਰਤ ਅਹਿਮ ਢੰਗ ਨਾਲ ਘੱਟ ਜਾਏਗੀ।

ਇੱਕ ਹੋਰ ਲਾਭ ਇਹ ਹੋਏਗਾ, ਕਿ ਸੰਸਥਾਵਾਂ ਅਤੇ ਗਰੁੱਪਾਂ ਆਪਣੇ ਸੁਰੱਖਿਅਤ ਭਰਤੀ ਕਰਨ ਦੇ ਅਮਲ ਦੇ ਹਿੱਸੇ ਵਜੋਂ ਇਹ ਪੁਸ਼ਟੀ ਕਰਨ ਲਈ ਇੱਕ ਸਰਲ ਢੰਗ ਅਤੇ ਤੇਜ਼ੀ ਨਾਲ ਜਾਂਚ ਕਰ ਸਕਣਗੇ, ਕਿ ਕੋਈ ਵਿਅਕਤੀ ਪੀਵੀਜੀ ਸਕੀਮ ਦਾ ਮੈਂਬਰ ਹੈ ਅਤੇ ਇਸ ਲਈ ਉਸ ਤੇ ਬੱਚਿਆਂ ਜਾਂ ਸੁਰੱਖਿਅਤ ਬਾਲਗਾਂ ਨਾਲ ਕੰਮ ਕਰਨ ਤੇ ਕੋਈ ਰੋਕ ਨਹੀਂ ਲਗੀ ਹੋਈ।

ਸਵੈ ਇੱਛਿਤ ਸੈਕਟਰ ਵਿੱਚ ਕਮਜ਼ੋਰ ਗਰੁੱਪਾਂ ਨਾਲ ਕੰਮ ਕਰ ਰਹੇ ਵਾਲੰਟੀਅਰਾਂ ਦੀ ਜਾਂਚ ਮੁਫ਼ਤ ਹੋਣੀ ਜਾਰੀ ਰਹੇਗੀ।

ਪੀਵੀਜੀ ਸਕੀਮ ਉਨ੍ਹਾਂ ਮਾਮਲਿਆਂ ਵਿੱਚ ਵੀ ਕਮਜ਼ੋਰ ਸਮੂਹਾਂ ਲਈ ਸੁਰੱਖਿਆ ਮਜ਼ਬੂਤ ਕਰੇਗੀ, ਜਿੱਥੇ ਲੋਕਾਂ ਨੂੰ ਵਿਅਕਤੀਗਤ ਆਧਾਰ ਤੇ ਨੌਕਰੀ ਦਿੱਤੀ ਗਈ ਹੋਏਗੀ। ਵਿਸ਼ੇਸ਼ ਵਿਅਕਤੀਆਂ ਨੂੰ ਨੌਕਰੀ ਦੇਣ ਵਾਲੇ – ਜਿਵੇਂ ਕਿ ਕੋਈ ਮਾਤਾ ਪਿਤਾ ਜੋ ਆਪਣੇ ਬੱਚੇ ਲਈ ਖੇਡਾਂ ਵਾਸਤੇ ਕੋਚ ਰੱਖੇ, ਜਾਂ ਕੋਈ ਵਿਅਕਤੀ, ਜੋ ਆਪਣਾ ਨਿੱਜੀ ਕੇਅਰਰ ਨਿਯੁਕਤ ਕਰੇ – ਇਹ ਜਾਂਚ ਕਰ ਸਕਣਗੇ ਕਿ ਉਹ ਵਿਅਕਤੀ ਪੀਵੀਜੀ ਸਕੀਮ ਦਾ ਮੈਂਬਰ ਹੈ ਕਿ ਨਹੀਂ।

5. ਪੀਵੀਜੀ ਸਕੀਮ ਕਦੋਂ ਲਾਗੂ ਹੋਏਗੀ ?

*ਪੀਵੀਜੀ ਸਕੀਮ ਦੇ 2010 ਦੇ ਅਖ਼ੀਰ ਤਕ ਗਤੀਸ਼ੀਲ ਹੋਣ ਦੀ ਸੰਭਾਵਨਾ ਹੈ ਅਤੇ ਇਸ ਕਿਤਾਬਚੀ ਦੇ ਛਾਪਣ ਸਮੇਂ ਤਕ, ਬਿਲਕੁਲ ਸਹੀ ਤਾਰੀਖ਼ ਦੀ ਅਜੇ ਸਕੌਟਿਸ਼ ਸਰਕਾਰ ਨੇ ਪੁਸ਼ਟੀ ਕਰਨੀ ਹੈ।*

ਗਤੀਸੀਲ ਹੋਣ ਬਾਅਦ, ਪੀਵੀਜੀ ਸਕੀਮ ਦੇ ਪੜਾਅਵਾਰ ਪੂਰੀ ਤਰ੍ਹਾਂ ਲਾਗੂ ਹੋਣ ਵਿੱਚ ਚਾਰ ਸਾਲ ਲਗਣ ਦੀ ਸੰਭਾਵਨਾ ਹੈ। ਗਤੀਸ਼ੀਲ ਹੋਣ ਬਾਅਦ ਪਹਿਲੇ ਸਾਲ ਦੌਰਾਨ, ਪੀਵੀਜੀ ਸਕੀਮ ਸਿਰਫ਼ ਉਨ੍ਹਾਂ ਨੂੰ ਉਪਲਬਧ ਹੋਏਗੀ ਜੋ ਪਹਿਲੀ ਵਾਰ ਕਮਜ਼ੋਰ ਗਰੁੱਪਾਂ ਵਿੱਚ ਕੰਮ ਕਰਨ ਵਾਲਿਆਂ ਵਿੱਚ ਸ਼ਾਮਲ ਹੋਣਗੇ, ਨੌਕਰੀਆਂ ਬਦਲਣਗੇ ਜਾਂ ਜਿਨ੍ਹਾਂ ਦੇ ਹਾਲਾਤ ਬਦਲ ਗਏ ਹੋਣਗੇ। ਸਕੀਮ ਵਿੱਚ ਸ਼ਾਮਲ ਹੋਣ ਲਈ ਅਰਜ਼ੀਆਂ ਦਿੱਤੀਆਂ ਜਾਣੀਆਂ ਅਤੇ ਉਨ੍ਹਾਂ ਦੇ ਕਾਗਜ਼ਾਂ ਉੱਪਰ ਜਵਾਬ ਦੇਣਾ ਜਾਰੀ ਰਹੇਗਾ।

ਗਤੀਸ਼ੀਲ ਹੋਣ ਦੇ ਲਗਭਗ ਇੱਕ ਸਾਲ ਬਾਅਦ, ਨਵੀਂ ਸੁਰੱਖਿਅਤ ਇਲੈਕਟ੍ਰੌਨਿਕ ਪੀਵੀਜੀ ਸਕੀਮ ਸਿਸਟਮ ਉਪਲਬਧ ਹੋ ਜਾਏਗਾ, ਜਿਸਦਾ ਅਰਥ ਹੈ, ਕਿ ਸੰਸਥਾਵਾਂ, ਗਰੁੱਪ ਅਤੇ ਵਿਅਕਤੀ ਸਕੀਮ ਆਨਲਾਈਨ ਤੇ ਆਪਸ ਵਿੱਚ ਗੱਲਬਾਤ ਕਰ ਸਕਣਗੇ।

ਇਲੈਕਟ੍ਰੌਨਿਕ ਸਿਸਟਮ ਦੇ ਗਤੀਸ਼ੀਲ ਹੋਣ ਦੇ ਬਾਅਦ ਜਲਦੀ ਹੀ, ਇਹ ਆਸ ਕੀਤੀ ਜਾਂਦੀ ਹੈ, ਕਿ ਕਮਜ਼ੋਰ ਗਰੁੱਪਾਂ ਵਿੱਚ ਕੰਮ ਕਰਨ ਵਾਲੇ ਪੀਵੀਜੀ ਸਕੀਮ ਵਿੱਚ ਸ਼ਾਮਲ ਹੋਣਾ ਸ਼ੁਰੂ ਹੋ ਜਾਣਗੇ। ਇਸ ਕੰਮ ਤੇ ਤਿੰਨ ਸਾਲ ਲਗਣ ਦੀ ਸੰਭਾਵਨਾ ਹੈ, ਅਤੇ ਪ੍ਰਬੰਧ ਦੇ ਭਾਰ ਨੂੰ ਘੱਟ ਕਰਨ ਲਈ, ਗਰੁੱਪਾਂ ਅਤੇ ਸੰਸਥਾਵਾਂ ਨਾਲ ਭਾਈਵਾਲੀ ਵਿੱਚ ਇਸ ਦੀ ਇੱਕ ਯੋਜਨਾ ਬਣਾਈ ਜਾਏਗੀ ਅਤੇ ਪੜਾਅਵਾਰ ਲਾਗੂ ਹੁੰਦੀ ਜਾਏਗੀ।

6. ਕਿਹੜੀ ਸਹਾਇਤਾ ਉਪਲਬਧ ਹੋਏਗੀ ?

ਇਸ ਨੂੰ ਤਿਆਰ ਕਰਨ ਦੌਰਾਨ ਅਤੇ ਗਤੀਸ਼ੀਲ ਹੋਣ ਬਾਅਦ, ਜਾਣਕਾਰੀ, ਗਾਈਡੈਂਸ ਅਤੇ ਸਿਖਲਾਈ ਸਾਮੱਗਰੀ ਦਾ ਇੱਕ ਤਾਲਮੇਲ ਕੀਤਾ ਹੋਇਆ ਸੰਗਠਿਤ ਪੈਕੇਜ ਉਪਲਬਧ ਹੋਏਗਾ ਇਸ ਨੂੰ ਜਾਣਕਾਰੀ ਅਤੇ ਸਿਖਲਾਈ ਦੇ ਸਮਾਗਮਾਂ ਦੀ ਲੜੀ ਨਾਲ ਮਜ਼ਬੂਤ ਕੀਤਾ ਜਾਏਗਾ।

7. ਸੰਸਥਾਵਾਂ ਅਤੇ ਗਰੁੱਪ ਤਿਆਰ ਹੋਣ ਲਈ ਕੀ ਕਰ ਸਕਦੇ ਹਨ ?

*ਇਸ ਕਿਤਾਬਚੀ ਦੇ ਅਖ਼ੀਰ ਵਿੱਚ ਸੂਚੀਬੱਧ ਕੀਤੀਆਂ ਵੈਬਸਾਈਟਾਂ ਤੋਂ ਪ੍ਰਗਤੀ, ਸਰਗਰਮੀਆਂ ਅਤੇ ਸਮਾਰੋਹਾਂ ਦੀ ਤਾਜ਼ਾ ਜਾਣਕਾਰੀ ਲੈਣ ਦੇ ਨਾਲ ਨਾਲ ਸੰਸਥਾਵਾਂ ਅਤੇ ਸਮੂਹ ਹੇਠ ਲਿਖਿਆ ਕਰ ਸਕਦੇ ਹਨ।*

ਯਕੀਨੀ ਬਣਾ ਸਕਦੇ ਹਨ, ਕਿ ਢੁਕਵੀਂ ਸੁਰੱਖਿਅਤ ਭਰਤੀ, ਬੱਚੇ ਅਤੇ/ਜਾਂ ਬਾਲਗਾਂ ਨੂੰ ਸੁਰੱਖਿਅਤ ਕਰਨ ਬਾਰੇ ਨੀਤੀਆਂ ਅਤੇ ਕਾਰਜ ਪ੍ਰਕ੍ਰਿਆਵਾਂ ਸਹੀ ਤਰ੍ਹਾਂ ਮੌਜੂਦ ਹੋਣ। ਜਦ ਕਿ ਵੱਡੀਆਂ ਸੰਸਥਾਵਾਂ ਅਤੇ ਜੱਥੇ ਬੰਦੀਆਂ ਲਈ ਇਹ ਸਟੈਂਡਰਡ (ਮਾਪਦੰਡ) ਹੋਏਗਾ, ਪਰ ਕੁਝ ਛੋਟੀਆਂ ਸੰਸਥਾਵਾਂ ਅਤੇ ਗਰੁੱਪਾਂ ਲਈ ਸ਼ਾਇਦ ਨਾ ਹੋਵੇ। ਸੁਰੱਖਿਅਤ ਭਰਤੀ ਬਾਰੇ ਕਈ ਪ੍ਰਕਾਸ਼ਿਤ ਪੁਸਤਕਾਂ ਹਨ।

ਸੇਫ਼ਰ ਰਿਕਰਿਊਟਮੈਂਟ ਥਰੂ ਬੈਟਰ ਰਿਕਰਿਊਟਮੈਂਟ ਗਾਈਡੈਂਸ – ਦੀ ਸਕੌਟਿਸ਼ ਗਰਵਨਮੈਂਟ (Safer Recruitment Through Better Recruitment Guidance - The Scottish Government)
http://www.scotland.gov.uk/Publications/2007/03/13154149/0

ਸੇਫ਼ਰ ਪ੍ਰੀ ਐਂਡ ਪੋਸਟ ਐਂਪਲਾਇਮੈਂਟ ਚੈਕਸ – NHSਸਕਾਟਲੈਂਡ (Safer Pre and Post Employment Checks - NHSScotland)
http://www.show.scot.nhs.uk

ਸੇਫ਼ਰ ਰਿਕਰਿਊਟਮੈਂਟ ਫ਼ਾਰ ਸੇਫ਼ਰ ਸਰਵਿਸਿਜ਼ – ਕੇਅਰ ਕਮਿਸ਼ਨ (Safer Recruitment for Safer Services - Care Commission)
http://www.carecommission.com

ਉਨ੍ਹਾਂ ਨੌਕਰੀਆਂ (ਜਿਨ੍ਹਾਂ ਲਈ ਧਨ ਮਿਲਦਾ ਹੈ ਅਤੇ ਜਿਨ੍ਹਾਂ ਲਈ ਧਨ ਨਹੀਂ ਮਿਲਦਾ) ਦੀ ਸੂਚੀ ਰੱਖੋ, ਜਿਨ੍ਹਾਂ ਲਈ ਵੱਧ ਵਿਸਤ੍ਰਿਤ ਡਿਸਕਲੋਜ਼ਰ ਦੀ ਜਾਂਚ ਚਾਹੀਦੀ ਹੈ ਅਤੇ ਇਹ ਵੀ ਨੋਟ ਕਰੋ ਕਿ ਉਨ੍ਹਾਂ ਨੌਕਰੀਆਂ ਤੇ ਨਿਯੁਕਤ ਲੋਕਾਂ ਦੀ ਆਖ਼ਰੀ ਵਾਰ ਜਾਂਚ ਕਦੋਂ ਹੋਈ ਸੀ। ਇਸ ਦਾ ਫ਼ਾਇਦਾ ਉਦੋਂ ਹੋਏਗਾ ਜਦੋਂ ਇਹ ਨਿਸਚਿਤ ਕਰਨ ਲਈ ਕਿ ਪੀਵੀਜੀ ਸਕੀਮ ਦਾ ਮੈਂਬਰ ਕਿਸਨੂੰ ਬਣਨਾ ਚਾਹੀਦਾ ਹੈ, ਮੌਜੂਦਾ ਕੰਮ ਕਰਨ ਵਾਲਿਆਂ ਦੀ ਪਿਛਲ-ਝਾਤ ਜਾਂਚ ਦਾ ਤਿੰਨ ਸਾਲਾਂ ਦਾ ਅਮਲ ਸ਼ੁਰੂ ਹੋਏਗਾ।

ਜੇ ਡਿਸਕਲੋਜ਼ਰ ਸਕਾਟਲੈਂਡ ਨਾਲ ਰਜਿਸਟਰ ਹੋ, ਤਾਂ ਯਕੀਨੀ ਬਣਾਓ ਕਿ ਉਨ੍ਹਾਂ ਦੀ ਤਸਦੀਕ ਕਰਨ ਵਾਲਿਆਂ ਦੇ ਦਸਤਖ਼ਤ ਬਿਲਕੁਲ ਤਾਜ਼ਾ ਰੱਖੇ ਜਾਣ ਕਿਉਂ ਕਿ ਪੀਵੀਜੀ ਸਕੀਮ ਤਹਿਤ, ਅਰਜ਼ੀਆ ਤੇ ਅਜੇ ਵੀ ਤਸਦੀਕੀ ਦਸਤਖ਼ਤਾਂ ਦੀ ਜ਼ਰੂਰਤ ਹੈ।

ਦਸਤਖ਼ਤ ਕਰਨ ਵਾਲਿਆਂ ਦੀ ਮੌਜੂਦਾ ਸੂਚੀ ਨੂੰ ਤਾਜ਼ਾ ਕਰਨ ਜਾਂ ਉਸ ਦੀ ਪੁਸ਼ਟੀ ਕਰਨ ਲਈ ਕਿਰਪਾ ਕਰਕੇ ਰਜਿਸਟਰਡ ਵਿਅਕਤੀ (ਮੁੱਖ ਦਸਤਖ਼ਤ ਕਰਤਾ) ਵਲੋਂ dscompliance@scro.pnn.police.uk ਨੂੰ ਇੱਕ ਈਮੇਲ ਭੇਜੋ ਅਤੇ ਆਪਣਾ ਰਜਿਸਟਰਡ ਬਾਡੀ ਕੋਡ ਦੱਸੋ ਅਤੇ ਦਸਤਖ਼ਤ ਕਰਨ ਵਾਲਿਆਂ ਦੀ ਸੂਚੀ ਭੇਜੋ।

8. ਲਾਭਦਾਇਕ ਵੈਬਸਾਈਟਾਂ

ਸਕੌਟਿਸ਼ ਸਰਕਾਰ, ਪੀਵੀਜੀ ਸਕੀਮ
http://www.scotland.gov.uk/Topics/People/Young-People/children-families/pvglegislation
ਡਿਸਕਲੋਜ਼ਰ ਸਕੌਟਲੈਂਡ
http://www.disclosurescotland.co.uk/
ਸੈਂਟਰਲ ਰਜਿਸਟਰਡ ਬਾਡੀ ਇਨ ਸਕਾਟਲੈਂਡ
http://www.crbs.org.uk/
ਅਪੈਕਸ ਸਕਾਟਲੈਂਡ
http://www.apexscotland.org.uk/

9. ਵੱਧ ਜਾਣਕਾਰੀ

ਵੱਧ ਜਾਣਕਾਰੀ ਲਈ ਇਨ੍ਹਾਂ ਨੂੰ ਸੰਪਰਕ ਕਰੋ :
Protecting Vulnerable Groups Scheme, Implementation Team
The Scottish Government
ਟੈਲੀਫ਼ੋਨ : 0131 244 4907
ਈਮੇਲ : pvg.enquiries@scotland.gsi.gov.uk
ਆਡੀਓ, ਬ੍ਰੇਲ, ਵੱਡੇ ਅੱਖਰਾਂ ਵਿੱਚ ਅਤੇ ਕਮਿਊਨਿਟੀ ਭਾਸ਼ਾ ਵਿੱਚ ਵਰਸ਼ਨ ਲਈ ਕਿਰਪਾ ਕਰਕੇ ਸੰਪਰਕ ਕਰੋ : 0131 244 4907

ਕਰਾਊਨ ਕਾਪੀਰਾਈਟ 2009
ਸਕੌਟਿਸ਼ ਸਰਕਾਰ ਵਲੋਂ ਮਾਰਚ 2009 ਵਿੱਚ ਛਪਵਾਇਆ ਗਿਆ

ਇਹ ਦਸਤਾਵੇਜ਼ ਸਕੌਟਿਸ਼ ਸਰਕਾਰ ਦੀ ਵੈਬਸਾਈਟ ਤੇ ਵੀ ਉਪਲਬਧ ਹੈ :
www.scotland.gov.uk